# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 pm**

**ਮਿਤੀ: 19-04-2025**

ਪੂਰੀ ਦੁਨੀਆ ਵਿਚ ਜਿਗਰ ਦੀਆਂ ਬਿਮਾਰੀਆਂ ਬਾਰੇ ਜਾਗਰੂਕਤਾ ਵਧਾਉਣ ਤੇ ਲੋਕਾਂ ਨੂੰ ਤੇਲ ਤੇ ਚਿਕਨਾਈ ਵਾਲੇ ਖੁਰਾਕ ਪਦਾਰਥਾਂ ਤੋਂ ਪਰਹੇਜ਼ ਰੱਖ ਕੇ, ਸਿਹਤਮੰਦ ਜੀਵਨਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨ ਲਈ ਅੱਜ ਵਿਸ਼ਵ ਜਿਗਰ ਦਿਵਸ ਮਨਾਇਆ ਜਾ ਰਿਹਾ ਏ। ਵਿਸ਼ਵ ਸਿਹਤ ਸੰਗਠਨ (ਡਬਲਿਊਐੱਚਓ) ਮੁਤਾਬਕ ਭਾਰਤ ਵਿਚ ਜਿਗਰ ਦੀਆਂ ਬਿਮਾਰੀਆਂ, ਮੌਤ ਹੋਣ ਦਾ 10ਵਾਂ ਸਭ ਤੋਂ ਆਮ ਕਾਰਨ ਨੇ। ਹੈਪਾਟਾਈਟਿਸ ਬੀ, ਸੀ ਤੇ ਹੈਪਾਟੋਸੈਲੁਲਰ ਕਾਰਸੀਨੋਮਾ ਜਿਹੀਆਂ ਬਿਮਾਰੀਆਂ ਅਕਸਰ ਖ਼ਰਾਬ ਜੀਵਨਸ਼ੈਲੀ ਕਾਰਨ ਹੁੰਦੀਆਂ ਨੇ, ਜਿਸ ਵਿਚ ਸ਼ਰਾਬ ਤੇ ਨਸ਼ੀਲੀਆਂ ਦਵਾਈਆਂ ਦਾ ਸੇਵਨ, ਨੁਕਸਾਨਦਾਈ ਖੁਰਾਕ ਪਦਾਰਥਾਂ ਦਾ ਲੰਮੇ ਸਮੇਂ ਤੱਕ ਸੇਵਨ, ਸੁਸਤ ਜੀਵਨਸ਼ੈਲੀ ਤੇ ਕਸਰਤ ਦੀ ਕਮੀ ਸ਼ਾਮਲ ਨੇ। ਇਹ ਦਿਨ ਮਨਾਉਣ ਲਈ ਇੰਸਟੀਟਿਊਟ ਆਫ ਲਿਵਰ ਐਂਡ ਬਿਲੀਅਰੀ ਸਾਇੰਸਿਜ਼ ਨਵੀਂ ਦਿੱਲੀ ਵਿਚ ਸਿਹਤਮੰਦ ਜਿਗਰ-ਸਿਹਤਮੰਦ **ਭਾਰਤ** ਪ੍ਰੋਗਰਾਮ ਕਰਵਾਇਆ ਜਾ ਰਿਹਾ ਏ। ਇਸ ਦੌਰਾਨ ਗ੍ਰਹਿ ਮੰਤਰੀ ਅਮਿਤ ਸ਼ਾਹ ਮੁੱਖ ਮਹਿਮਾਨ ਹੋਣਗੇ। ਇਹ ਦਿਨ

ਮਨਾਉਣ ਲਈ ਵਿਸ਼ਵ ਜਿਗਰ ਦਿਵਸ ਦੀ ਥੀਮ ਭੋਜਨ ਹੀ ਦਵਾਈ ਏ ਰੱਖਿਆ ਗਿਆ ਏ। ਇਹ ਇਸ ਗੱਲ ਤੇ ਚਾਨਣਾ ਪਾਉਂਦੀ ਏ ਕਿ ਕਿਵੇਂ ਚੰਗੀ ਖੁਰਾਕ ਦਾ ਬਦਲ, ਜਿਗਰ ਨੂੰ ਮਜ਼ਬੂਤ ਰੱਖ ਸਕਦਾ ਏ ਤੇ ਕਮਜੋਰ ਪਾਚਨ ਸਬੰਧੀ ਸਮੱਸਿਆਵਾਂ ਦੇ ਖ਼ਤਰੇ ਨੂੰ ਘੱਟ ਕਰ ਸਕਦੇ ਨੇ।

-----------------------------------------------------------------------------------------

ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਏ ਕਿ ਜੇਲ੍ਹਾਂ ਵਿਚ ਵੱਧ ਰਹੇ ਐੱਚਆਈਵੀ ਦੇ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਸਾਰੇ ਵਿਅਕਤੀਆਂ ਤੇ ਕੈਦੀਆਂ ਦੇ 5 ਟੈਸਟ ਕਰਵਾ ਕੇ ਮੁਫ਼ਤ ਇਲਾਜ ਕਰਵਾਇਆ ਜਾ ਰਿਹਾ ਏ। **ਮੰਤਰੀ ਨੇ ਕਿਹਾ –ਬਾਈਟ:- ਡਾ. ਬਲਵੀਰ ਸਿੰਘ, ਸਿਹਤ ਮੰਤਰੀ, ਪੰਜਾਬ ।** ਸਰਕਾਰੀ ਹਸਪਤਾਲਾਂ ਵਿਚ ਆ ਕੇ ਹੰਗਾਮਾ ਜਾਂ ਭੰਨ ਤੋੜ ਕਰਨ ਦੇ ਮਾਮਲਿਆਂ ਬਾਰੇ ਸਿਹਤ ਮੰਤਰੀ ਨੇ ਚੇਤਾਵਨੀ ਦਿੱਤੀ ਕਿ ਅਜਿਹੇ ਵਿਅਕਤੀਆਂ ਉੱਤੇ ਸਖਤ ਕਾਰਵਾਈ ਕੀਤੀ ਜਾਵੇਗੀ ਤੇ ਜਮਾਨਤ ਵੀ ਨਹੀਂ ਹੋਣ ਦਿੱਤੀ ਜਾਵੇਗੀ, ਜਦੋਂਕਿ ਹਸਪਤਾਲਾਂ ਵਿਚ ਇਲਾਜ ਕਰਵਾਉਣ ਆਉਣ ਵਾਲਿਆਂ ਨਾਲ ਹਮਦਰਦੀ ਨਾਲ ਪੇਸ਼ ਆਇਆ ਜਾਵੇਗਾ। ਸਰਕਾਰੀ ਹਸਪਤਾਲਾਂ ਵਿਚ ਡਾਕਟਰਾਂ ਦੀ ਕਮੀ ਸਬੰਧੀ ਪੁੱਛੇ ਸਵਾਲ

ਦੇ ਜਵਾਬ ਵਿਚ ਸਿਹਤ ਮੰਤਰੀ ਨੇ ਕਿਹਾ ਕਿ ਡਾਕਟਰਾਂ ਦੀ ਨਵੀਂ ਭਰਤੀ ਕੀਤੀ ਜਾ ਰਹੀ ਏ।

--------------------------------------------------------------------------------

ਕੌਮੀ ਪ੍ਰੀਖਿਆ ਏਜੰਸੀ-NTA ਨੇ ਅੱਜ ਸਵੇਰੇ ਸਾਂਝੀ ਦਾਖਲਾ ਪ੍ਰੀਖਿਆ-JEE ਮੇਨ 2025 ਦੇ ਦੂਜੇ ਸੈਸ਼ਨ ਦੇ ਨਤੀਜੇ ਜਾਰੀ ਕੀਤੇ ।ਇਸ ਵਾਰ, ਕੁੱਲ 24 ਵਿਦਿਆਰਥੀਆਂ ਨੇ 100 ਦਾ ਸੰਪੂਰਨ NTA ਸਕੋਰ ਪ੍ਰਾਪਤ ਕੀਤਾ ਏ । ਸਭ ਤੋਂ ਵੱਧ ਸਕੋਰ ਕਰਨ ਵਾਲੇ ਰਾਜਸਥਾਨ ਤੋਂ ਮੁਹੰਮਦ ਅਨਸ ਅਤੇ ਆਯੁਸ਼ ਸਿੰਘਲ, ਦਿੱਲੀ ਤੋਂ ਦਕਸ਼ ਤੇ ਹਰਸ਼ ਝਾਅ, ਪੱਛਮੀ ਬੰਗਾਲ ਤੋਂ ਦੇਵਦੱਤ ਮਾਝੀ ਅਤੇ ਮਹਾਰਾਸ਼ਟਰ ਤੋਂ ਆਯੁਸ਼ ਰਵੀ ਚੌਧਰੀ ਸਨ। ਨਤੀਜਾ ਕੱਟ-ਆਫ ਦੇ ਨਾਲ ਜੇਈਈ ਮੇਨ ਦੀ ਅਧਿਕਾਰਤ ਵੈੱਬਸਾਈਟ - jeemain.nta.nic.in 'ਤੇ ਮੌਜੂਦ ਏ। ਕੁੱਲ 9 ਲੱਖ 92 ਹਜ਼ਾਰ 350 ਉਮੀਦਵਾਰਾਂ ਨੇ ਪ੍ਰੀਖਿਆ ਦਿੱਤੀ ਸੀ । ਇਨ੍ਹਾਂ ਵਿੱਚ 6 ਲੱਖ 81 ਹਜ਼ਾਰ 871 ਔਰਤਾਂ ਅਤੇ 3 ਲੱਖ 10 ਹਜ਼ਾਰ 479 ਮਰਦ ਸ਼ਾਮਲ ਨੇ। ਐਨ.ਟੀ.ਏ ਨੇ ਇਹ ਪ੍ਰੀਖਿਆ 2 ਤੋਂ 9 ਅਪ੍ਰੈਲ ਦਰਮਿਆਨ ਕਰਵਾਈ ਸੀ।

--------------------------------------------------------------------------------

“ਯੁੱਧ ਨਸ਼ਿਆਂ ਵਿਰੁੱਧ” ਮੁਹਿੰਮ ਤਹਿਤ ਪੰਜਾਬ ਪੁਲਿਸ ਨੇ 124 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2.5 ਕਿਲੋ

ਹੈਰੋਇਨ ਅਤੇ 2 ਲੱਖ ਰੁਪਏ ਤੋਂ ਵੱਧ ਦੀ ਨਗਦੀ ਬਰਾਮਦ ਕੀਤੀ ਏ। ਇਸ ਨਾਲ 49 ਦਿਨਾਂ ਵਿਚ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਗਿਣਤੀ 6,573 ਹੋ ਗਈ ਏ।ਇਸ ਬਾਰੇ ਕਾਨੂੰਨ ਤੇ ਵਿਵਸਥਾ ਸਬੰਧੀ ਵਿਸ਼ੇਸ਼ ਡੀਜੀਪੀ ਅਰਪਿਤ ਸ਼ੁਕਲਾ ਨੇ ਦੱਸਿਆ ਕਿ 200 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਵਿਚ ਛਾਪਾਮਾਰੀ ਕੀਤੀ ਤੇ ਸਾਰਾ ਦਿਨ ਚੱਲੀ ਇਸ ਕਾਰਵਾਈ ਦੌਰਾਨ ਪੁਲਿਸ ਟੀਮਾਂ ਨੇ 490 ਸ਼ੱਕੀ ਵਿਅਕਤੀਆਂ ਕੋਲੋਂ ਪੁੱਛ-ਪੜਤਾਲ ਕੀਤੀ ਏ।

---

ਵਿਗਿਆਨਕ ਖੋਜ ਵਿਚ ਆਪਣੀ ਵੱਧੀ ਪ੍ਰਮੁੱਖਤਾ ਨੂੰ ਉਜਾਗਰ ਕਰਦੇ ਹੋਏ, ਪੰਜਾਬ ਯੂਨੀਵਰਸਿਟੀ ਚੰਡੀਗੜ ਨੂੰ ਅਨੁਸੰਧਾਨ ਰਾਸ਼ਟਰੀ ਖੋਜ ਫਾਊਂਡੇਸ਼ਨ (ANRF) ਵੱਲੋਂ ਐਕਸਲ ਰੇਟਿਡ ਇਨੋਵੇਸ਼ਨ ਐਂਡ ਰਿਸਰਚ ਗ੍ਰਾਂਟ ਲਈ ਸਨਮਾਨਿਤ ਕੀਤਾ ਗਿਆ ਏ। ਪੰਜਾਬ ਯੂਨੀਵਰਸਿਟੀ ਇਕ ਸਪੋਕ ਸੰਸਥਾ ਵਜੋਂ ਕੰਮ ਕਰੇਗੀ, ਜਿਸ ਵਿਚ ਹਬ ਸੰਸਥਾ ਭਾਰਤੀ ਤਕਨਾਲੋਜੀ ਸੰਸਥਾਨ (IIT) ਰੋਪੜ ਹੋਵੇਗਾ। ਵਾਈਸ ਚਾਂਸਲਰ ਪ੍ਰੋ. ਰੇਣੂ ਵਿਗ ਨੇ ਕਿਹਾ ਕਿ ਇਹ ਮਾਨਤਾ ਪੀ.ਯੂ. ਲਈ ਮਾਣਮੱਤੀ ਪ੍ਰਾਪਤੀ ਏ ਜੋ ਕਿ ਅਧਿਆਪਕਾਂ ਤੇ ਖੋਜਕਰਤਾਵਾਂ ਦੇ ਸਮਰਪਣ ਤੇ ਉੱਤਮਤਾ ਨੂੰ ਉਜਾਗਰ ਕਰਦੀ ਏ।

---

ਭਾਰਤ ਦੇ ਪਹਿਲੇ ਉਪਗ੍ਰਹਿ ਆਰੀਆਭੱਟ ਨੇ ਅੱਜ 50 ਸਾਲ ਪੂਰੇ ਕਰ ਲਏ ਨੇ । 1975 ਵਿਚ ਅੱਜ ਦੇ ਦਿਨ ਦਾਗੇ ਗਏ ਇਸ ਉਪਗ੍ਰਹਿ ਦਾ ਨਾਂ, ਪ੍ਰਾਚੀਨ ਭਾਰਤੀ ਗਣਿਤ-ਸ਼ਾਸਤਰੀ ਅਤੇ ਖਗੋਲ ਵਿਗਿਆਨੀ ਆਰੀਆਭੱਟ ਦੇ ਨਾਂ 'ਤੇ ਰੱਖਿਆ ਗਿਆ ਸੀ । ਭਾਰਤੀ ਪੁਲਾੜ ਖੋਜ ਸੰਗਠਨ ਇਸਰੋ ਵੱਲੋਂ ਬਣਾਇਆ ਗਿਆ, ਇਹ ਉਪਗ੍ਰਹਿ ਤੱਤਕਾਲੀ ਸੋਵੀਅਤ ਯੂਨੀਅਨ ਦੀ ਮਦਦ ਨਾਲ ਕਪੁਸਟਿਨ ਯਾਰ ਤੋਂ ਦਾਗਿਆ ਗਿਆ ਸੀ। ਇਸ ਉਪਗ੍ਰਹਿ ਦਾ ਉਦੇਸ਼ ਸੂਰਜੀ ਭੌਤਿਕ ਵਿਗਿਆਨ, ਐਰੋਨੋਮੀ ਅਤੇ ਐਕਸ-ਰੇ ਖਗੋਲ ਵਿਗਿਆਨ ਸਮੇਤ ਕਈ ਖੇਤਰਾਂ ਦੀ ਪੜਚੋਲ ਕਰਨਾ ਸੀ। ਪੰਜ ਦਿਨ ਪੰਧ ਵਿਚ ਬਿਤਾਉਣ ਤੋਂ ਬਾਅਦ, ਆਰੀਆਭੱਟ ਨੂੰ ਬਿਜਲੀ ਦੀ ਅਸਫਲਤਾ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ ਸਾਰੇ ਪ੍ਰਯੋਗ ਰੋਕ ਦਿੱਤੇ ਗਏ ਸੀ। ਇਸ ਦੇ ਬਾਵਜੂਦ, ਕੀਮਤੀ ਡੇਟਾ ਇਕੱਠਾ ਕੀਤਾ ਗਿਆ ਅਤੇ ਵਿਗਿਆਨੀਆਂ ਨੇ ਉਪਗ੍ਰਹਿ ਵਿਕਾਸ ਵਿਚ ਮਹੱਤਵਪੂਰਨ ਤਜਰਬਾ ਹਾਸਲ ਕੀਤਾ ।